Virginia Mason Franciscan Health ਉਹ ਥਾਂ ਹੈ ਜਿੱਥੇ ਮੁਹਾਰਤ ਦਾ ਮੇਲ ਹਮਦਰਦੀ ਨਾਲ ਹੁੰਦਾ ਹੈ। ਅਸੀਂ ਸਿਹਤਮੰਦ ਕਮਿਊਨਿਟੀਆਂ ਦੇ ਨਿਰਮਾਣ ਲਈ ਵਚਨਬੱਧ ਹਾਂ, ਅਤੇ ਸਤਿਕਾਰ, ਮਾਣ ਅਤੇ ਨਿਰਪੱਖਤਾ ਸਮੇਤ, ਹਰ ਵਿਅਕਤੀ ਨਾਲ ਇਨਸਾਨੀਅਤ ਨਾਲ ਪੇਸ਼ ਆਉਣ ਵਿੱਚ ਵਿਸ਼ਵਾਸ ਰੱਖਦੇ ਹਾਂ। ਇੱਥੇ ਦੱਸਿਆ ਗਿਆ ਹੈ ਕਿ ਤੁਸੀਂ ਕੀ ਉਮੀਦ ਕਰ ਸਕਦੇ ਹੋ:

- **ਸੰਮਲਿਤ ਅਤੇ ਹਮਦਰਦੀ ਭਰੀ ਦੇਖਭਾਲ:** ਅਸੀਂ ਜੀਵਨ ਦੇ ਸਾਰੇ ਖੇਤਰਾਂ ਤੋਂ ਲੋਕਾਂ ਦਾ ਸੁਆਗਤ ਕਰਦੇ ਹਾਂ - ਉਨ੍ਹਾਂ ਦੀ ਨਸਲ, ਉਮਰ, ਜਾਤੀ, ਨਾਗਰਿਕਤਾ, ਆਰਥਿਕ ਸਥਿਤੀ ਜਾਂ ਪਿਛੋਕੜ ਭਾਵੇਂ ਜੋ ਵੀ ਹੋਵੇ। ਸਾਡੀ ਵਚਨਬੱਧਤਾ ਵਿਆਹੁਤਾ ਸਥਿਤੀ, ਜਿਨਸੀ ਰੁਝਾਨ ਅਤੇ ਜਿਨਸੀ ਪਛਾਣ ਜਾਂ ਹਾਵ-ਭਾਵ ਨੂੰ ਸ਼ਾਮਲ ਕਰਦੀ ਹੈ। ਫ਼ਿਕਰ ਨਾ ਕਰੋ, ਤੁਹਾਨੂੰ ਵਿਚਾਰਸ਼ੀਲ, ਹਮਦਰਦ ਦੇਖਭਾਲ ਪ੍ਰਾਪਤ ਹੋਵੇਗੀ।
- **ਗੁਣਵੱਤਾ ਅਤੇ ਸੁਰੱਖਿਆ:** ਤੁਹਾਡੀ ਭਲਾਈ ਸਾਡੀ ਤਰਜੀਹ ਹੈ। ਅਸੀਂ ਤੁਹਾਡੀ ਭੁਗਤਾਨ ਕਰਨ ਦੀ ਸਮਰੱਥਾ ਦੀ ਪਰਵਾਹ ਕੀਤੇ ਬਿਨਾਂ ਸੁਰੱਖਿਅਤ, ਉੱਚ-ਗੁਣਵੱਤਾ ਦੀ ਦੇਖਭਾਲ ਪ੍ਰਦਾਨ ਕਰਦੇ ਹਾਂ।
- **ਦਿਆਲਤਾ ਅਤੇ ਸਤਿਕਾਰ:** ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਦਿਆਲਤਾ ਅਤੇ ਸਤਿਕਾਰ ਦੇ ਸੱਭਿਆਚਾਰ ਨੂੰ ਵਧਾਉਣ ਵਿੱਚ ਸਾਡੇ ਨਾਲ ਸ਼ਾਮਲ ਹੋਵੋ। ਦੂਜਿਆਂ ਵੱਲ ਤੁਹਾਡੀ ਸੰਵੇਦਨਸ਼ੀਲਤਾ, ਭਾਵੇਂ ਉਹ ਦੇਖਭਾਲ ਪ੍ਰਦਾਨ ਜਾਂ ਪ੍ਰਾਪਤ ਕਰ ਰਹੇ ਹਨ, ਦੀ ਕਦਰ ਕੀਤੀ ਜਾਂਦੀ ਹੈ।
- **ਨਿੱਜਤਾ ਦੇ ਮਾਮਲੇ:** ਮਰੀਜ਼ ਦੀ ਨਿੱਜਤਾ ਦੀ ਰੱਖਿਆ ਕਰਨਾ ਸਿਰਫ਼ ਇੱਕ ਕਨੂੰਨੀ ਲੋੜ ਨਹੀਂ ਹੈ, ਇਹ ਤੁਹਾਡੇ ਨਾਲ ਸਾਡਾ ਵਾਅਦਾ ਹੈ। ਨਿੱਜਤਾ ਵੱਲ ਸਾਡੀ ਵਚਨਬੱਧਤਾ ਮਜ਼ਬੂਤ ਹੈ ਕਿਉਂਕਿ ਸਾਡਾ ਮੰਨਣਾ ਹੈ ਕਿ ਗੁਣਵੱਤਾ ਵਾਲੀ ਸਿਹਤ ਸੰਭਾਲ ਭਰੋਸੇ, ਸਤਿਕਾਰ ਅਤੇ ਵਿਵੇਕ 'ਤੇ ਅਧਾਰਿਤ ਹੈ। ਸਲਾਹ, ਜਾਂਚ ਅਤੇ ਇਲਾਜ ਗੁਪਤ ਤਰੀਕੇ ਨਾਲ ਕੀਤੇ ਜਾਂਦੇ ਹਨ ਅਤੇ ਤੁਹਾਡੀ ਨਿੱਜੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।
- **ਤੁਹਾਡੇ ਮੁੱਲ ਅਤੇ ਵਿਸ਼ਵਾਸ:** ਤੁਹਾਡੇ ਨਿੱਜੀ, ਸੱਭਿਆਚਾਰਕ, ਅਤੇ ਅਧਿਆਤਮਿਕ ਮੁੱਲ ਇਸ ਦਾ ਮਹੱਤਵਪੂਰਨ ਹਿੱਸਾ ਹਨ ਕਿ ਤੁਸੀਂ ਕੌਣ ਹੋ, ਅਤੇ ਤੁਹਾਡੇ ਇਲਾਜ ਦੇ ਫੈਸਲਿਆਂ ਵਿੱਚ ਅਸੀਂ ਉਨ੍ਹਾਂ ਦੀ ਕਦਰ ਕਰਦੇ ਹਾਂ। ਤੁਸੀਂ ਆਪਣੀ ਸਿਹਤ ਸੰਭਾਲ ਸੰਬੰਧੀ ਵਿਚਾਰ-ਵਟਾਂਦਰੇ ਵਿੱਚ ਕਿਸੇ ਅਜਿਹੇ ਵਿਅਕਤੀ ਨੂੰ ਸ਼ਾਮਲ ਕਰਨ ਲਈ ਅਜ਼ਾਦ ਹੋ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ, ਅਤੇ ਅਸੀਂ ਉਸਨੂੰ ਤੁਹਾਡੇ ਹਸਪਤਾਲ ਵਿੱਚ ਭਰਤੀ ਹੋਣ ਬਾਰੇ ਜਾਣਕਾਰੀ ਦਿੰਦੇ ਰਹਾਂਗੇ।
- **ਸਿਹਤਯਾਬੀ ਦਾ ਮਾਹੌਲ:** ਹਰ ਕਿਸੇ ਦੀ ਭਲਾਈ ਲਈ, ਕਿਰਪਾ ਕਰਕੇ ਸਾਡੇ ਪਰਿਸਰ ਵਿੱਚ ਹਥਿਆਰ ਲਿਆਉਣ, ਗੈਰ-ਕਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ, ਜਾਂ ਸਿਗਰਟਨੋਸ਼ੀ/ਵੇਪਿੰਗ ਤੋਂ ਬਚੋ। ਅਸੀਂ ਕਿਸੇ ਵੀ ਕਿਸਮ ਦੀਆਂ ਧਮਕੀਆਂ, ਹਿੰਸਾ ਜਾਂ ਅਪਮਾਨ ਨੂੰ ਬਰਦਾਸ਼ਤ ਨਹੀਂ ਕਰਦੇ। ਸੁਰੱਖਿਆ ਅਤੇ ਸਨਮਾਨ ਲਈ ਸਾਡੀ ਵਚਨਬੱਧਤਾ ਸਾਰੀਆਂ ਪਛਾਣਾਂ ਅਤੇ ਪਿਛੋਕੜਾਂ ਨੂੰ ਸ਼ਾਮਲ ਕਰਦੀ ਹੈ। ਸਾਰਿਆਂ ਲਈ ਇੱਕ ਸੁਰੱਖਿਅਤ ਅਤੇ ਸਿਹਤਯਾਬੀ ਦੇ ਮਾਹੌਲ ਨੂੰ ਕਾਇਮ ਰੱਖਣ ਵਾਸਤੇ ਸਾਡੇ ਪਰਿਸਰ ਦੇ ਨਿਯਮਾਂ ਅਤੇ ਵਿਨਿਯਮਾਂ ਵਿੱਚ ਤੁਹਾਡਾ ਸਹਿਯੋਗ ਜ਼ਰੂਰੀ ਹੈ।
- **ਸੇਵਾ ਪਸ਼ੂ:** ਅਸੀਂ ਤੁਹਾਡੀ ਸਿਹਤ ਅਤੇ ਤੰਦਰੁਸਤੀ ਲਈ ਤੁਹਾਡੇ ਸੇਵਾ ਵਾਲੇ ਪਸ਼ੂ ਦੀ ਅਹਿਮੀਅਤ ਨੂੰ ਪਛਾਣਦੇ ਹਾਂ। ਜਦਕਿ ਅਸੀਂ ਪਾਲਤੂ ਜਾਨਵਰਾਂ ਨੂੰ ਨਹੀਂ ਰੱਖ ਸਕਦੇ, ਅਸੀਂ ਤੁਹਾਡੇ ਸੇਵਾ ਵਾਲੇ ਪਸ਼ੂ ਨੂੰ ਤੁਹਾਡੇ ਕੋਲ ਰੱਖਣ ਦੇ ਤੁਹਾਡੇ ਅਧਿਕਾਰ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ। ਅਸੀਂ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਸੇਵਾ ਵਾਲੇ ਪਸ਼ੂ ਦੀਆਂ ਲੋੜਾਂ ਦਾ ਧਿਆਨ ਰੱਖੋ, ਕਿਉਂਕਿ ਸਾਡਾ ਸਟਾਫ ਉਨ੍ਹਾਂ ਲਈ ਦੇਖਭਾਲ, ਭੋਜਨ ਜਾਂ ਕੋਈ ਵਿਸ਼ੇਸ਼ ਖੇਤਰ ਉਪਲਬਧ ਕਰਾਉਣ ਵਿੱਚ ਅਸਮਰੱਥ ਹੈ। ਜੇਕਰ ਕੋਈ ਸਿਹਤ ਜਾਂ ਸੁਰੱਖਿਆ ਸੰਬੰਧੀ ਚਿੰਤਾ ਪੈਦਾ ਹੁੰਦੀ ਹੈ, ਤਾਂ ਅਸੀਂ ਤਾਂ ਅਸੀਂ ਤੁਹਾਡੇ ਨਾਲ ਰੱਲ ਕੇ ਢੁਕਵੀਂ ਰਿਹਾਇਸ਼ ਲੱਭਣ ਦੀ ਕੋਸ਼ਿਸ਼ ਕਰਾਂਗੇ।
- **ਵਿੱਤੀ ਜ਼ਿੰਮੇਵਾਰੀਆਂ:** ਅਸੀਂ ਸਮਝਦੇ ਹਾਂ ਕਿ ਸਿਹਤ ਸੰਭਾਲ ਦੀ ਲਾਗਤ ਜਟਿਲ ਹੋ ਸਕਦੀ ਹੈ ਅਤੇ ਅਸੀਂ ਤੁਹਾਡੀ ਮਦਦ ਕਰਨ ਲਈ ਉਪਲਬਧ ਹਾਂ। ਜੇਕਰ ਤੁਸੀਂ ਸਹਾਇਤਾ ਲਈ ਵਿਕਲਪ ਲੱਭਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਵਿੱਤੀ ਸਲਾਹਕਾਰਾਂ ਨਾਲ 1-888-779-6380 'ਤੇ ਜਾਂ Virginia Mason Medical Center ਦੇ ਮਰੀਜ਼ਾਂ ਲਈ, 1-800-553-7803 'ਤੇ ਸੰਪਰਕ ਕਰੋ।

**ਤੁਹਾਡੇ ਸਿਹਤ ਸੰਭਾਲ ਵਿਕਲਪਾਂ ਵਿੱਚ ਸ਼ਾਮਲ ਹੋਣਾ**

ਤੁਹਾਡੀ ਸਿਹਤ ਸੰਭਾਲ ਦੇ ਯਤਨਾਂ ਵਿੱਚ ਤੁਹਾਡੇ ਵਿਚਾਰ ਮਹੱਤਵਪੂਰਨ ਹਨ। ਅਸੀਂ ਤੁਹਾਨੂੰ ਸਪਸ਼ਟ ਅਤੇ ਸਮਝਣ ਯੋਗ ਜਾਣਕਾਰੀ ਦੇ ਨਾਲ ਅਧਿਕਾਰ ਦੇਣ ਵਿੱਚ ਵਿਸ਼ਵਾਸ ਰੱਖਦੇ ਹਾਂ। ਤੁਹਾਡੀ ਦੇਖਭਾਲ ਟੀਮ ਤੁਹਾਡੀ ਸਥਿਤੀ ਦੇ ਵੇਰਵੇ, ਉਪਲਬਧ ਇਲਾਜਾਂ ਅਤੇ, ਕਿਸੇ ਵੀ ਜੋਖਮ ਜਾਂ ਮਾੜੇ ਅਸਰ ਸਮੇਤ, ਉਨ੍ਹਾਂ ਦੇ ਸੰਭਾਵੀ ਨਤੀਜਿਆਂ ਬਾਰੇ ਤੁਹਾਡਾ ਮਾਰਗਦਰਸ਼ਨ ਕਰਨ ਲਈ ਉਪਲਬਧ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਤੁਸੀਂ ਆਪਣੇ ਸਿਹਤ-ਸੰਬੰਧੀ ਟੀਚਿਆਂ ਨਾਲ ਮੇਲ ਖਾਂਦੇ ਫੈਸਲੇ ਲੈਣ ਵਿੱਚ ਸੂਚਿਤ ਅਤੇ ਆਤਮ ਵਿਸ਼ਵਾਸ ਮਹਿਸੂਸ ਕਰਦੇ ਹੋ।

ਅਸੀਂ ਤੁਹਾਨੂੰ ਸਵਾਲ ਪੁੱਛਣ ਅਤੇ ਆਪਣੀ ਦੇਖਭਾਲ ਬਾਰੇ ਚਰਚਾ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦੇ ਹਾਂ। ਆਖ਼ਿਰਕਾਰ, ਤੁਸੀਂ ਆਪਣੇ ਆਪ ਨੂੰ ਸਭ ਤੋਂ ਬਿਹਤਰ ਜਾਣਦੇ ਹੋ, ਅਤੇ ਅਸੀਂ ਤੁਹਾਡੀ ਗੱਲ ਸੁਣਨ ਅਤੇ ਸਹਿਯੋਗ ਕਰਨ ਲਈ ਉਪਲਬਧ ਹਾਂ।

- **ਖੁੱਲ੍ਹਾ ਸੰਚਾਰ:** ਤੁਹਾਡੀ ਦੇਖਭਾਲ ਟੀਮ ਨਾਲ ਸਹੀ ਅਤੇ ਨਵੀਨਤਮ ਸਿਹਤ ਜਾਣਕਾਰੀ ਸਾਂਝੀ ਕਰਨ ਨਾਲ ਸਾਨੂੰ ਤੁਹਾਡੀ ਬਿਹਤਰ ਸੇਵਾ ਕਰਨ ਵਿੱਚ ਮਦਦ ਮਿਲਦੀ ਹੈ। ਕਿਰਪਾ ਕਰਕੇ ਆਪਣੀ ਸਥਿਤੀ ਵਿੱਚ ਕਿਸੇ ਵੀ ਤਬਦੀਲੀ ਬਾਰੇ ਸਾਨੂੰ ਸੂਚਿਤ ਕਰੋ।
- **ਅਗਾਊਂ ਹਿਦਾਇਤਾਂ:** ਸਾਨੂੰ ਭਵਿੱਖ ਦੀ ਦੇਖਭਾਲ ਬਾਰੇ ਆਪਣੀਆਂ ਇੱਛਾਵਾਂ ਦੱਸੋ। ਸਾਨੂੰ ਤੁਹਾਡੀਆਂ ਅਗਾਊਂ ਹਿਦਾਇਤਾਂ ਪ੍ਰਦਾਨ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੀਆਂ ਤਰਜੀਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ।
- **ਤੁਹਾਡੀ ਸਹਿਮਤੀ ਦੀ ਅਹਿਮੀਅਤ ਹੈ:** ਤੁਹਾਡੇ ਕੋਲ ਆਪਣੇ ਇਲਾਜ ਦੇ ਵਿਕਲਪਾਂ 'ਤੇ ਪੂਰਾ ਨਿਯੰਤ੍ਰਣ ਹੈ, ਜਿਸ ਵਿੱਚ ਕਿਸੇ ਵੀ ਪ੍ਰਕਿਰਿਆ ਲਈ ਸਹਿਮਤੀ ਦੇਣ, ਰੱਦ ਕਰਨ ਜਾਂ ਇਨਕਾਰ ਕਰਨ ਦਾ ਅਧਿਕਾਰ ਸ਼ਾਮਲ ਹੈ। ਇਸ ਖੁਦਮੁਖਤਿਆਰੀ ਵਿੱਚ ਜੀਵਨ ਦੇ ਅੰਤਿਮ ਪੜਾਅ ਅਤੇ ਜੀਵਨ ਨੂੰ ਕਾਇਮ ਰੱਖਣ ਵਾਲੇ ਇਲਾਜਾਂ ਦੇ ਨਾਲ-ਨਾਲ ਟਿਸ਼ੂ ਅਤੇ ਅੰਗ ਦਾਨ ਦਾ ਉਦਾਰ ਕਾਰਜ ਵੀ ਸ਼ਾਮਲ ਹੈ।

ਪ੍ਰੂਫ ਕਾਪੀ
ਇਹ ਇੱਕ ਵੈਧ ਮੈਡੀਕਲ ਰਿਕਾਰਡ ਨਹੀਂ ਹੈ



596491

Virginia Mason Franciscan Health

**ਤੁਹਾਡੀ ਭਾਗੀਦਾਰੀ, ਤੁਹਾਡੇ ਫੈਸਲੇ:**
**ਤੁਹਾਡੀ ਸਿਹਤ ਸੰਭਾਲ ਨੂੰ ਸਮਝਣਾ**
**ਅਧਿਕਾਰ ਅਤੇ ਜ਼ਿੰਮੇਵਾਰੀਆਂ**

ਮਰੀਜ਼ ਦੀ ਜਾਣਕਾਰੀ

596491 - (10/07/24)
ਫ਼ਾਰਮ ਕਮੇਟੀ ਦੁਆਰਾ ਪ੍ਰਵਾਨਿਤ: 09/06/24

**ਤੁਹਾਡੇ ਲਈ ਤਿਆਰ ਕੀਤਾ ਸੰਚਾਰ**

ਅਸੀਂ ਸਮਝਦੇ ਹਾਂ ਕਿ ਸਪਸ਼ਟ ਸੰਚਾਰ ਤੁਹਾਡੇ ਅਰਾਮ ਅਤੇ ਵਿਸ਼ਵਾਸ ਲਈ ਮਹੱਤਵਪੂਰਨ ਹੈ। ਜੇਕਰ ਤੁਹਾਡੀਆਂ ਖ਼ਾਸ ਲੋੜਾਂ ਹਨ, ਤਾਂ ਆਪਣੀ ਸਿਹਤ ਸੰਭਾਲ ਟੀਮ ਨੂੰ ਸੂਚਿਤ ਕਰਨ ਤੋਂ ਨਾ ਝਿਜਕੋ। ਅਸੀਂ ਤੁਹਾਡੀ ਸਹੂਲਤ ਅਤੇ ਸਹਾਇਤਾ ਲਈ ਉਪਲਬਧ ਹਾਂ। ਅਸੀਂ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਕਿਸਮ ਦੀਆਂ ਸੰਚਾਰ ਸੇਵਾਵਾਂ ਪੇਸ਼ ਕਰਦੇ ਹਾਂ, ਜੋ ਤੁਹਾਡੇ ਲਈ ਮੁਫ਼ਤ ਹਨ:

- ਮੌਖਿਕ ਅਤੇ ਸੰਕੇਤਕ ਭਾਸ਼ਾਵਾਂ ਲਈ **ਯੋਗ ਮੈਡੀਕਲ ਇੰਟਰਪ੍ਰੇਟਰਸ।**
- **ਪਹੁੰਚਯੋਗ ਜਾਣਕਾਰੀ ਦੇ ਸਰੋਤ** ਜਿਵੇਂ ਕਿ ਅਨੁਵਾਦ, ਮੈਗਨੀਫਾਇਅਰਸ, ਵੱਡੇ ਪ੍ਰਿੰਟ, ਆਡੀਓ, ਅਤੇ ਇਲੈਕਟ੍ਰਾਨਿਕ ਫਾਰਮੈਟ।
- ਸੁਣਨ, ਨਜ਼ਰ, ਬੋਲਣ ਜਾਂ ਸਰੀਰਕ ਅਸਮਰਥਤਾਵਾਂ ਵਾਲੇ ਵਿਅਕਤੀਆਂ ਦੀ ਸਹਾਇਤਾ ਲਈ **ਸਹਾਇਕ ਉਪਕਰਣ ਅਤੇ ਸੇਵਾਵਾਂ।**

**ਤੁਹਾਡੇ ਵਿਜ਼ਿਟਰਾਂ ਦੀ ਚੋਣ ਕਰਨਾ**

ਅਸੀਂ ਉਨ੍ਹਾਂ ਵਿਜ਼ਿਟਰਾਂ ਦਾ ਸੁਆਗਤ ਕਰਦੇ ਹਾਂ ਜਿਨ੍ਹਾਂਨੂੰ ਤੁਸੀਂ ਆਪਣੇ ਦੇਖਭਾਲ ਦੇ ਯਤਨਾਂ ਦਾ ਹਿੱਸਾ ਬਣਨ ਲਈ ਚੁਣਦੇ ਹੋ, ਕਿਉਂਕਿ ਉਨ੍ਹਾਂ ਦੀ ਮੌਜੂਦਗੀ ਤੁਹਾਡੀ ਸਿਹਤ ਅਤੇ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ। ਤੁਸੀਂ ਇਹ ਫੈਸਲਾ ਕਰਨ ਲਈ ਸੁਤੰਤਰ ਹੋ ਕਿ ਤੁਹਾਨੂੰ ਕੌਣ ਮਿਲਣ ਆਵੇਗਾ। ਅਸੀਂ ਉਮਰ, ਨਸਲ, ਜਾਤੀ, ਰੰਗ, ਮੂਲ, ਸੱਭਿਆਚਾਰਕ ਪਿਛੋਕੜ, ਧਰਮ, ਜਿਨਸੀ ਪਛਾਣ, ਜਿਨਸੀ ਰੁਝਾਨ, ਅਪਾਹਜਤਾ, ਨਾਗਰਿਕਤਾ, ਭਾਸ਼ਾ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਅਧਾਰ 'ਤੇ ਪਾਬੰਦੀਆਂ ਤੋਂ ਬਿਨਾਂ ਤੁਹਾਡੀਆਂ ਚੋਣਾਂ ਨੂੰ ਸਵੀਕਾਰ ਕਰਦੇ ਹਾਂ।

- **ਤੁਹਾਡੇ ਸਹਾਇਕਾਂ ਨੂੰ ਨਾਮਜ਼ਦ ਕਰਨਾ:** ਤੁਸੀਂ ਆਪਣੇ ਵਿਜ਼ਿਟਰਾਂ ਨੂੰ ਨਾਮਜ਼ਦ ਕਰ ਸਕਦੇ ਹੋ ਅਤੇ ਆਪਣੇ ਵਿਜ਼ਿਟ-ਸੰਬੰਧੀ ਅਧਿਕਾਰਾਂ ਦਾ ਪ੍ਰਬੰਧਨ ਕਰਨ ਲਈ ਇੱਕ ਸਹਾਇਕ ਵਿਅਕਤੀ ਨੂੰ ਨਿਯੁਕਤ ਕਰ ਸਕਦੇ ਹੋ। ਫ਼ਿਕਰ ਨਾ ਕਰੋ, ਤੁਹਾਡੇ ਨਾਮਜ਼ਦ ਕੀਤੇ ਵਿਜ਼ਿਟਰਾਂ ਕੋਲ ਪਰਿਵਾਰ ਦੇ ਕਰੀਬੀ ਮੈਂਬਰਾਂ ਵਾਂਗ ਦੇਖਭਾਲ ਲਈ ਇੱਕੋ ਜਿਹੀ ਪਹੁੰਚ ਹੋਵੇਗੀ, ਹਾਲਾਂਕਿ ਡਾਕਟਰੀ ਫੈਸਲੇ ਲੈਣਾ ਵੱਖਰਾ ਹੁੰਦਾ ਹੈ।
- **ਵਿਜ਼ਟਰ ਦਾ ਆਚਰਣ:** ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਵਿਜ਼ਿਟਰ ਸੁਰੱਖਿਆ ਅਤੇ ਸਤਿਕਾਰ ਦੇ ਉਨ੍ਹਾਂ ਮਿਆਰਾਂ ਨੂੰ ਬਰਕਰਾਰ ਰੱਖਣਗੇ ਜਿਨ੍ਹਾਂ ਦੀ ਅਸੀਂ ਕਦਰ ਕਰਦੇ ਹਾਂ। ਸਾਡੇ ਪਰਿਸਰ ਵਿੱਚ ਕਿਸੇ ਵੀ ਕਿਸਮ ਦੀ ਧਮਕੀ, ਹਿੰਸਾ ਜਾਂ ਬੇਇੱਜ਼ਤੀ ਦੀ ਇਜਾਜ਼ਤ ਨਹੀਂ ਹੈ।
- **ਮੁਲਾਕਾਤ ਚੈੱਕ-ਇਨ ਅਤੇ ਦਿਸ਼ਾ-ਨਿਰਦੇਸ਼:** ਸਾਰਿਆਂ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਵਿਜ਼ਿਟਰਾਂ ਨੂੰ ਸਾਡੇ ਪ੍ਰਵੇਸ਼ ਦੁਆਰਾਂ 'ਤੇ ਰੋਜ਼ਾਨਾ ਚੈੱਕ-ਇਨ ਕਰਨ ਲਈ ਕਿਹਾ ਜਾ ਸਕਦਾ ਹੈ। ਕਦੇ-ਕਦਾਈਂ, ਸਾਨੂੰ ਹਰ ਕਿਸੇ ਦੇ ਅਧਿਕਾਰ ਅਤੇ ਸੁਰੱਖਿਆ ਯਕੀਨੀ ਬਣਾਉਣ ਲਈ ਮੁਲਾਕਾਤਾਂ 'ਤੇ ਸੀਮਾਵਾਂ ਨਿਰਧਾਰਿਤ ਕਰਨ ਦੀ ਲੋੜ ਹੋ ਸਕਦੀ ਹੈ।
- **ਵਿਜ਼ਿਟਰ ਸਹਾਇਤਾ ਅਤੇ ਐਮਰਜੈਂਸੀ ਮਦਦ:** ਜਿਨ੍ਹਾਂ ਵਿਜ਼ਿਟਰਾਂ ਨੂੰ ਡਾਕਟਰੀ ਸਹਾਇਤਾ ਦੀ ਲੋੜ ਹੋਵੇ, ਉਨ੍ਹਾਂਨੂੰ ਆਪਣੀ ਵਿਜ਼ਿਟ ਦੇ ਦੌਰਾਨ ਆਪਣੀ ਸਹਾਇਤਾ ਲਈ ਇੱਕ ਵਿਅਕਤੀ ਨੂੰ ਲਿਆਉਣਾ ਚਾਹੀਦਾ ਹੈ। ਹਾਲਾਂਕਿ ਸਾਡਾ ਸਟਾਫ ਵਿਜ਼ਿਟਰਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਨਹੀਂ ਹੈ, ਪਰ ਫਿਰ ਵੀ ਅਸੀਂ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਕਦਮ ਚੁੱਕਣ ਲਈ ਪੂਰੀ ਤਰ੍ਹਾਂ ਤਿਆਰ ਹਾਂ।

**ਤੁਹਾਡਾ ਫੀਡਬੈਕ ਕੀਮਤੀ ਹੈ**

ਅਸੀਂ ਤੁਹਾਡੇ ਫੀਡਬੈਕ ਦੀ ਕਦਰ ਕਰਦੇ ਹਾਂ ਅਤੇ ਤੁਹਾਡੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਜੇਕਰ ਆਪਣੀ ਦੇਖਭਾਲ ਬਾਰੇ ਤੁਹਾਨੂੰ ਕੋਈ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ ਇਹ ਜਾਣੋ ਕਿ ਇਸਦੀ ਰਿਪੋਰਟ ਕਰਨਾ ਤੁਹਾਨੂੰ ਪ੍ਰਾਪਤ ਹੋਣ ਵਾਲੀ ਸੇਵਾ ਦੀ ਗੁਣਵੱਤਾ ਨੂੰ ਕਦੇ ਵੀ ਪ੍ਰਭਾਵਿਤ ਨਹੀਂ ਕਰੇਗਾ। ਤੁਸੀਂ ਕਿਸੇ ਵੀ ਸਮੇਂ ਆਪਣੇ ਚੋਣਵੇਂ ਪਰਿਸਰ ਵਿੱਚ ਬਾਕਾਇਦਾ ਸ਼ਿਕਾਇਤ ਦਰਜ ਕਰਵਾ ਸਕਦੇ ਹੋ, ਅਤੇ ਅਸੀਂ ਤੁਹਾਨੂੰ ਇੱਕ ਵਿਚਾਰਸ਼ੀਲ ਲਿਖਤੀ ਜਵਾਬ ਦਿਆਂਗੇ। ਜੇਕਰ ਤੁਸੀਂ ਬਾਹਰਲੀਆਂ ਏਜੰਸੀਆਂ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਤੁਹਾਡੀ ਸਹੂਲਤ ਲਈ ਇੱਥੇ ਕੁਝ ਸੰਪਰਕ ਹਨ:

**Washington Department of Health ਸ਼ਿਕਾਇਤ ਲਾਈਨ: 1-800-633-6828**

**The Joint Commission Office of Quality Monitoring: 1-800-994-6610**

**ਜਾਣਕਾਰੀ ਦੀ ਪ੍ਰਾਪਤੀ ਦੀ ਪ੍ਰਵਾਨਗੀ**

ਮੈਂ ਆਪਣੇ ਸਿਹਤ ਸੰਭਾਲ ਮਰੀਜ਼ ਸੰਬੰਧੀ ਅਧਿਕਾਰ ਅਤੇ ਜ਼ਿੰਮੇਵਾਰੀਆਂ ਪ੍ਰਾਪਤ ਹੋਈਆਂ ਹਨ ਅਤੇ ਮੈਂ ਉਹ ਸਵੀਕਾਰ ਕਰ ਲਈਆਂ ਹਨ।

ਮੈਂ ਸਮਝਦਾ ਹਾਂ ਕਿ ਮੈਨੂੰ ਇਹ ਜਾਣਕਾਰੀ Virginia Mason Franciscan Health ਵੈੱਬਸਾਈਟ 'ਤੇ ਵੀ ਮਿਲ ਸਕਦੀ ਹੈ:

https://www.vmfh.org/patient-and-visitor-information/patient-information/patient-rights-responsibilities

| | | |
|---|---|---|
| ______________________________ | ____/____/____ | ____________ |
| ਮਰੀਜ਼ (ਜਾਂ ਕਾਨੂੰਨੀ ਪ੍ਰਤੀਨਿਧੀ) ਦੇ ਦਸਤਖ਼ਤ | ਤਰੀਕ | ਸਮਾਂ |
| ______________________________ | ____/____/____ | ____________ |
| ਗਵਾਹ | ਤਰੀਕ | ਸਮਾਂ |

ਇਹ ਇੱਕ ਵੈਧ ਮੈਡੀਕਲ ਰਿਕਾਰਡ ਨਹੀਂ ਹੈ
ਪ੍ਰੂਫ ਕਾਪੀ



Virginia Mason Franciscan Health

**ਤੁਹਾਡੀ ਭਾਗੀਦਾਰੀ, ਤੁਹਾਡੇ ਫੈਸਲੇ:**
**ਤੁਹਾਡੀ ਸਿਹਤ ਸੰਭਾਲ ਨੂੰ ਸਮਝਣਾ**
**ਅਧਿਕਾਰ ਅਤੇ ਜ਼ਿੰਮੇਵਾਰੀਆਂ**

ਮਰੀਜ਼ ਦੀ ਜਾਣਕਾਰੀ